spect of individual Departments with the view of the Committee shall be processed and a consolidated memorandum brought before the Council of Ministers by the Department of Finance.

3. The quorum of the meeting of the Committee shall be three but it shall be necessary that the Chairman and the Finance Secretary are present in all the meetings.

**ਪ੍ਰਸੋਨਲ ਅਤੇ ਪ੍ਰਬੰਧਕੀ ਸੁਧਾਰ ਵਿਭਾਗ, ਪੰਜਾਬ ਵਲੋਂ ਜਾਰੀ ਗਸ਼ਤੀ ਪੱਤਰ ਨੰ: 4/40/95-1ਪੀ.ਪੀ.3/14912 ਮਿਤੀ 14 ਜੁਲਾਈ, 1997 ਦੀ ਕਾਪੀ ਜੋ ਰਾਜ ਦੇ ਸਮੂਹ ਵਿੱਤੀ ਕਮਿਸ਼ਨਰ/ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰਾਂ ਅਤੇ ਉਤਾਰਾ ਸਮੂਹ ਵਿਭਾਗਾਂ ਦੇ ਮੁੱਖੀਆਂ ਆਦਿ ਨੂੰ ਸੰਬੋਧਤ ਹੈ।**

*ਵਿਸ਼ਾ :- 624 ਆਸਾਮੀਆਂ ਦਰਜਾ-3 ਦੀਆਂ ਜੋ ਅਧੀਨ ਸੇਵਾਵਾਂ ਚੋਣ ਬੋਰਡ ਦੇ ਅਧਿਕਾਰ ਖੇਤਰ ਵਿਚੋਂ ਬਾਹਰ ਕਢੀਆਂ ਗਈਆਂ ਸਨ, ਨੂੰ ਮੁੜ ਅਧੀਨ ਸੇਵਾਵਾਂ ਚੋਣ ਬੋਰਡ ਦੇ ਅਧਿਕਾਰ ਖੇਤਰ ਵਿਚ ਲਿਆਉਣ ਸਬੰਧੀ।*

ਸ਼੍ਰੀਮਾਨ/ਸ਼੍ਰੀਮਤੀ ਜੀ,

ਉਪਰੋਕਤ ਵਿਸ਼ੇ ਤੇ ਇਸ ਵਿਭਾਗ ਦੇ ਪੱਤਰ ਨੰ: 4/40/95-1ਪੀ.ਪੀ.3/20663, ਮਿਤੀ 5-12-1996 ਦੇ ਹਵਾਲੇ ਸਬੰਧੀ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਇਸ ਪੱਤਰ ਰਾਹੀਂ ਦਰਜਾ-3 ਦੀਆਂ 624 ਆਸਾਮੀਆਂ ਅਧੀਨ ਸੇਵਾਵਾਂ ਚੋਣ ਬੋਰਡ ਦੇ ਅਧਿਕਾਰ ਖੇਤਰ ਵਿਚੋਂ ਕੱਢ ਕੇ ਵਿਭਾਗੀ ਚੋਣ ਕਮੇਟੀਆਂ ਰਾਹੀਂ ਭਰਨ ਲਈ ਕਿਹਾ ਗਿਆ ਸੀ। ਪਰ ਰਾਜ ਵਿਚ ਆਮ ਚੋਣਾ ਹੋਣ ਕਾਰਨ ਭਾਰਤ ਦੇ ਚੋਣ ਕਮਿਸ਼ਨਰ ਵਲੋਂ ਮਿਤੀ 30-12-1996 ਨੂੰ ਮਾਡਲ ਕੋਡ ਆਫ ਕੰਡਕਟ ਜਾਰੀ ਕੀਤੇ ਸਨ ਜਿਸ ਸਬੰਧੀ ਪ੍ਰਸੋਨਲ ਵਿਭਾਗ ਦੇ ਪੱਤਰ ਨੰ: 12/57/96-1ਪੀ.ਪੀ.3/461 ਮਿਤੀ 5-1-1997 ਅਨੁਸਾਰ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ ਕਿ ਦਰਜਾ-3 ਦੀਆਂ ਵੱਖਰੇ ਵੱਖਰੇ ਵਿਭਾਗਾਂ ਦੀਆਂ 624 ਆਸਾਮੀਆਂ ਜੋ ਕਿ ਬੋਰਡ ਦੇ ਅਧਿਕਾਰ ਖੇਤਰ ਵਿਚੋਂ ਬਾਹਰ ਕੱਢੀਆਂ ਗਈਆਂ ਸਨ ਅਤੇ ਹੋਰ ਅਜਿਹੀਆਂ ਆਸਾਮੀਆਂ ਜੋ ਕਿ ਬੋਰਡ ਦੇ ਅਧਿਕਾਰ ਖੇਤਰ ਤੋਂ ਬਾਹਰ ਕੱਢ ਕੇ ਵਿਭਾਗੀ ਚੋਣ ਕਮੇਟੀਆਂ ਰਾਹੀਂ ਭਰੀਆਂ ਜਾਣੀਆਂ ਸਨ ਦੀ ਭਰਤੀ ਇਨ੍ਹਾਂ ਵਿਭਾਗੀ ਚੋਣ ਕਮੇਟੀਆਂ ਰਾਹੀਂ ਕਰਨ ਤੇ ਰੋਕ ਲਗਾ ਦਿੱਤੀ ਗਈ ਸੀ। ਵਰਤਮਾਨ ਸਰਕਾਰ ਦੇ ਹੋਂਦ ਵਿਚ ਆਉਣ ਉਪਰੰਤ ਇਸ ਵਿਭਾਗ ਦੇ ਪੱਤਰ ਨੰ: 14/10/97-4ਪੀ.ਪੀ.3/4471, ਮਿਤੀ 20-2-1997 ਨਾਲ ਨਵੀਆਂ ਨਿਯੁਕਤੀਆਂ/ਤਰੱਕੀਆਂ ਅਤੇ ਬਦਲੀਆਂ ਤੇ ਫਿਰ ਰੋਕ ਲਗਾਈ ਗਈ ਸੀ। ਇਸ ਕਰਕੇ ਦਰਜਾ-3 ਦੀਆਂ ਇਹ 624 ਆਸਾਮੀਆਂ ਪੁਰ ਨਹੀਂ ਕੀਤੀਆਂ ਗਈਆਂ।

2. ਹੁਣ ਰਾਜ ਸਰਕਾਰ ਨੇ ਨੋਟੀਫਿਕੇਸ਼ਨ ਨੰ: 12/14/97-1ਪੀ.ਪੀ.3/10217, ਮਿਤੀ 16 ਮਈ, 1997 ਨਾਲ ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਦੀ ਮੁੜ ਸਥਾਪਨਾ ਕਰ ਦਿੱਤੀ ਹੈ। ਇਸ ਲਈ ਬੋਰਡ ਦੀ ਮੁੜ ਸਥਾਪਨਾ ਕਰਨ ਨਾਲ ਦਰਜਾ-3 ਦੀਆਂ ਸਾਰੀਆਂ ਆਸਾਮੀਆਂ ਸਮੇਤ ਦਰਜਾ-3 ਦੀਆਂ 624 ਆਸਾਮੀਆਂ ਜੋ ਬੋਰਡ ਦੇ ਅਧਿਕਾਰ ਖੇਤਰ ਵਿਚੋਂ ਬਾਹਰ ਕੱਢੀਆਂ ਗਈਆਂ ਸਨ ਮੁੜ ਬੋਰਡ ਦੇ ਅਧਿਕਾਰ ਖੇਤਰ ਵਿੱਚ ਆ ਗਈਆਂ ਹਨ।

3. ਉਪਰੋਕਤ ਸਥਿਤੀ ਦੇ ਸਨਮੁੱਖ ਬੇਨਤੀ ਕੀਤੀ ਜਾਂਦੀ ਹੈ ਕਿ ਇਨ੍ਹਾਂ 624 ਆਸਾਮੀਆਂ ਨੂੰ ਬੋਰਡ ਰਾਹੀਂ ਭਰਨ ਲਈ ਸਾਰਾ ਰਿਕਾਰਡ ਅਧੀਨ ਸੇਵਾਵਾਂ ਚੋਣ ਬੋਰਡ ਨੂੰ ਤੁਰੰਤ ਉਪਲਬਧ ਕਰਵਾਇਆ ਜਾਵੇ ਅਤੇ ਇਹ ਵੀ ਵੇਰਵਾ ਦਿੱਤਾ ਜਾਵੇ ਕਿ ਇਨ੍ਹਾਂ 624 ਆਸਾਮੀਆਂ ਵਿਚੋਂ ਵਿਭਾਗ ਵਲੋਂ ਕਿੰਨੀਆਂ ਆਸਾਮੀਆਂ ਭਰ ਲਈਆਂ ਗਈਆਂ ਹਨ ਅਤੇ ਕਿੰਨੀਆਂ ਬਾਕੀ ਖਾਲੀ ਪਈਆਂ ਹਨ। ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਜਿਹੜੀਆਂ ਵੀ ਦਰਜਾ-3 ਦੀਆਂ ਆਸਾਮੀਆਂ ਹੁਣ ਤੱਕ ਉਪਲਬਧ ਹਨ ਉਨ੍ਹਾਂ ਸਬੰਧੀ ਮੰਗ ਪੱਤਰ ਵੀ ਬੋਰਡ ਨੂੰ ਭੇਜੇ ਜਾਣ।

4. ਇਸ ਪੱਤਰ ਦੀ ਪਹੁੰਚ ਰਸੀਦ ਵੀ ਭੇਜੀ ਜਾਵੇ।

**ਪ੍ਰਸੋਨਲ ਅਤੇ ਪ੍ਰਬੰਧਕੀ ਸੁਧਾਰ ਵਿਭਾਗ, ਪੰਜਾਬ ਵਲੋਂ ਜਾਰੀ ਗਸ਼ਤੀ ਪੱਤਰ ਨੰ: 7/45/95-5ਪੀ.ਪੀ.I/15394 ਮਿਤੀ 21 ਜੁਲਾਈ, 1997 ਦੀ ਕਾਪੀ ਜੋ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀਆਂ ਆਦਿ ਨੂੰ ਸੰਬੋਧਤ ਹੈ।**

*ਵਿਸ਼ਾ :- ਉਚੇਰੇ ਸਕੇਲਾਂ ਵਿੱਚ ਪਲੇਸਮੈਂਟ/ਪ੍ਰਵੀਨਤਾ ਤਰੱਕੀ ਅਤੇ ਤਰੱਕੀ ਦੇਣ ਦੇ ਕੇਸਾਂ ਵਿੱਚ ਸੇਵਾ ਰਿਕਾਰਡ ਵੇਖਣ ਸਬੰਧੀ ਸਪਸ਼ਟੀਕਰਨ ।*

ਸ਼੍ਰੀਮਾਨ/ਸ਼੍ਰੀਮਤੀ ਜੀ,

ਮੈਨੂੰ ਹਦਾਇਤ ਹੋਈ ਹੈ ਕਿ ਆਪਦਾ ਧਿਆਨ ਪੰਜਾਬ ਸਰਕਾਰ ਦੇ ਗਸ਼ਤੀ ਪੱਤਰ ਨੰ: 7/45/95-5ਪੀ.ਪੀ.1/20976,

ਮਿਤੀ 17-10-1995 ਵੱਲ ਦਿਵਾਵਾਂ, ਜਿਸ ਵਿੱਚ ਇਹ ਫੈਸਲਾ ਲਿਆ ਗਿਆ ਸੀ ਕਿ ਅੱਗੋਂ ਤੋਂ ਤਰੱਕੀ ਦੇ ਕੇਸਾਂ ਵਿੱਚ ਕਰਮਚਾਰੀਆਂ/ਅਧਿਕਾਰੀਆਂ ਦਾ ਉਸ ਆਸਾਮੀ ਦਾ ਸਮੁੱਚਾ ਸੇਵਾ ਰਿਕਾਰਡ ਵੇਖਿਆ ਜਾਵੇ ਜਿਸ ਆਸਾਮੀ ਤੋਂ ਤਰੱਕੀ ਦਿੱਤੀ ਜਾਣੀ ਹੈ ਅਤੇ ਕਰਮਚਾਰੀਆਂ/ਅਧਿਕਾਰੀਆਂ ਨੂੰ ਪਹਿਲੀ ਬਣਦੀ ਪ੍ਰਵੀਨਤਾ ਤਰੱਕੀ ਦੇਣ ਸਮੇਂ ਪਿਛਲੇ 8 ਸਾਲ ਦਾ ਸੇਵਾ ਰਿਕਾਰਡ ਵੇਖਿਆ ਜਾਵੇ ਅਤੇ ਦੂਜੀ ਪ੍ਰਵੀਨਤਾ ਤਰੱਕੀ ਦੇਣ ਸਮੇਂ ਪਿਛਲੇ 10 ਸਾਲ ਦਾ ਸੇਵਾ ਰਿਕਾਰਡ ਵੇਖਿਆ ਜਾਵੇ। ਇਸ ਤੋਂ ਇਲਾਵਾ, ਕਰਮਚਾਰੀਆਂ/ਅਧਿਕਾਰੀਆਂ ਨੂੰ ਉਚੇਰੇ ਸਕੇਲਾਂ ਵਿੱਚ ਬਣਦੀ ਮਿਤੀ ਤੋਂ ਪਲੇਸਮੈਂਟ ਦੇਣ ਲਈ ਉਸ ਮਿਤੀ ਤੱਕ ਦਾ ਸੇਵਾ ਰਿਕਾਰਡ ਵੇਖਿਆ ਜਾਵੇ ਜਿਸ ਮਿਤੀ ਤੱਕ ਪਲੇਸਮੈਂਟ ਦਿੱਤੀ ਜਾਣੀ ਹੈ। ਇਹ ਵੀ ਸਪੱਸ਼ਟ ਕੀਤਾ ਗਿਆ ਸੀ ਕਿ ਤਰੱਕੀ ਦੇ ਕੇਸਾਂ ਵਿੱਚ ਕੇਵਲ ਪਿਛਲੇ 5 ਸਾਲ ਦਾ ਸੇਵਾ ਰਿਕਾਰਡ ਵੇਖਣ ਦੀ ਪ੍ਰਥਾ ਨੂੰ ਅੱਗੇ ਤੋਂ ਸਮਾਪਤ ਕਰ ਦਿੱਤਾ ਜਾਵੇ।

2. ਇਸ ਮਾਮਲੇ ਤੇ ਸਰਕਾਰ ਵਲੋਂ ਮੁੜ ਵਿਚਾਰ ਕੀਤਾ ਗਿਆ ਹੈ ਅਤੇ ਫੈਸਲਾ ਲਿਆ ਗਿਆ ਹੈ ਕਿ ਅਗੋਂ ਤੋਂ ਪਦ-ਉਨੱਤੀ/ਉਚੇਰੇ ਸਕੇਲਾਂ ਵਿੱਚ ਪਲੇਸਮੈਂਟ/ਪ੍ਰਵੀਨਤਾ ਤਰੱਕੀ ਦੇ ਕੇਸਾਂ ਵਿਚ ਪਿਛਲੇ 5 ਸਾਲਾਂ ਦਾ ਗੁਪਤ ਸੇਵਾ ਰਿਕਾਰਡ ਹੀ ਵੇਖਿਆ ਜਾਵੇ।

3. ਕਿਰਪਾ ਕਰਕੇ ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ।

**Copy of Punjab Government circular letter No. 12/30/94-3PPII/15405, dated 21st July, 1997 from the Department of Personnel and Administrative Reforms, addressed to all the Heads of Department etc. in the State of Punjab.**

***Subject :–*** ***Civil Writ Petition No. 16570 of 1995- Sh. Waryam Singh Vs. State of Punjab and others- regarding disposal of all the pending medical reimbursement bills.***

Sir/Madam,

I am directed to refer to letter No. 12/30/94-3PPII/12771, dated the 12th June, 1997 of this department on the subject cited and to say that a reference to letter No. 12/30/94-3PPII/13018, dated the 13th July, 1996 has been invited in the letter under reference. It may kindly be read as the 30th July, 1996 instead of the 13th July, 1996. In convenience caused is, however, regretted.

**ਪ੍ਸੋਨਲ ਅਤੇ ਪ੍ਰਬੰਧਕੀ ਸੁਧਾਰ ਵਿਭਾਗ, ਪੰਜਾਬ ਵਲੋਂ ਜਾਰੀ ਗਸ਼ਤੀ ਪੱਤਰ ਨੰ: 9/8/95-4ਪੀ.ਪੀ.I/15642 ਮਿਤੀ 22 ਜੁਲਾਈ, 1997 ਦੀ ਕਾਪੀ ਜੋ ਰਾਜ ਦੇ ਸਮੂਹ ਵਿੱਤੀ ਕਮਿਸ਼ਨਰ/ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰਾਂ ਅਤੇ ਉਤਾਰਾ ਸਮੂਹ ਵਿਭਾਗਾਂ ਦੇ ਮੁੱਖੀਆਂ ਆਦਿ ਨੂੰ ਸੰਬੋਧਤ ਹੈ।**

*ਵਿਸ਼ਾ :–* *ਪੰਜਾਬ ਸਿਵਲ ਸੇਵਾਵਾਂ (ਆਮ ਅਤੇ ਸਾਂਝੀਆਂ ਸੇਵਾ ਸ਼ਰਤਾਂ) ਨਿਯਮ, 1994 ਵੱਖ-ਵੱਖ ਵਿਭਾਗਾਂ ਵੱਲੋਂ ਭਾਰਤ ਦੇ ਸੰਵਿਧਾਨ ਦੇ ਅਨੁਛੇਦ 309 ਅਧੀਨ ਸੇਵਾ ਨਿਯਮਾਂ ਦੀ ਬਣਤਰ ਸਬੰਧੀ ਪ੍ਰਗਤੀ ਰਿਪੋਰਟ।*

ਸ਼੍ਰੀਮਾਨ/ਸ਼੍ਰੀਮਤੀ ਜੀ,

ਸਮੂਹ ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ ਕਿਰਪਾ ਕਰਕੇ ਉਪਰੋਕਤ ਵਿਸ਼ੇ ਤੇ ਇਸ ਵਿਭਾਗ ਦੇ ਗਸ਼ਤੀ ਪੱਤਰ ਨੰ: 9/1/95-4ਪੀ.ਪੀ.1/20045, ਮਿਤੀ 27-9-1995 ਵੱਲ ਧਿਆਨ ਦੇਣ ਦੀ ਖੇਚਲ ਕਰਨ।

2. ਇਹਨਾਂ ਹਦਾਇਤਾਂ ਵਿੱਚ ਉਹਨਾਂ ਨੂੰ ਬੇਨਤੀ ਕੀਤੀ ਗਈ ਸੀ ਕਿ ਵਿਭਾਗੀ ਸੇਵਾ ਨਿਯਮਾਂ ਵਿੱਚ ਉਹ ਸੇਵਾ ਸ਼ਰਤਾਂ ਦਾ ਜਿਕਰ ਕਰਨ ਦੀ ਲੋੜ ਨਹੀਂ ਜਿਹੜੀਆਂ ਕਿ ਉਪਰੋਕਤ ਦੱਸੇ 1994 ਦੇ ਕਾਮਨ ਰੂਲਜ਼ ਵਿੱਚ ਦਰਜ ਕੀਤੀਆਂ ਗਈਆਂ ਹਨ। ਮੁੱਖ ਤੌਰ ਤੇ ਤਾਂ ਹੁਣ ਪ੍ਰਬੰਧਕੀ ਵਿਭਾਗ ਨੇ ਕੇਵਲ ਭਰਤੀ ਦਾ ਤਰੀਕਾ, ਨਿਯੁਕਤੀ ਲਈ ਵਿਦਿਅਕ ਯੋਗਤਾਵਾਂ ਅਤੇ ਤਜਰਬਾ, ਵਿਭਾਗੀ ਪ੍ਰੀਖਿਆ, ਜੇਕਰ ਕੋਈ ਹੋਵੇ ਅਤੇ ਦੰਡ ਅਤੇ ਅਪੀਲ ਅਧਿਕਾਰੀਆਂ ਸਬੰਧੀ ਉਪਬੰਧ ਆਦਿ ਨੂੰ ਹੀ ਵਿਭਾਗੀ ਸੇਵਾ ਨਿਯਮਾਂ ਵਿੱਚ ਸ਼ਾਮਲ ਕਰਨਾ ਹੈ। ਸੇਵਾ ਨਿਯਮਾਂ ਦੀ ਬਣਤਰ ਸਬੰਧੀ ਵਿੱਤ ਵਿਭਾਗ ਵੱਲੋਂ ਮਿਤੀ 6-6-1997 ਨੂੰ ਮੀਟਿੰਗ ਬੁਲਾਈ ਗਈ ਸੀ। ਜਿਸ ਵਿੱਚ ਇਹ ਅਨੁਭਵ ਕੀਤਾ ਗਿਆ ਸੀ ਕਿ ਜੇਕਰ ਉਪਰੋਕਤ ਫੈਸਲੇ ਅਨੁਸਾਰ ਕੇਵਲ ਭਰਤੀ ਦਾ ਤਰੀਕਾ ਨਿਯੁਕਤੀ ਲਈ